# ਬਾਬਾ ਬੰਦਾ ਸਿੰਘ ਬਹਾਦਰ ਦੇ ਸਮਾਗਮ ਬਾਦਲ ਦਲ ਦੇ ਸਮਾਗਮ ਬਣ ਕੇ ਰਹਿ ਗਏ - ਸਰਨਾ



**ਅੰਮ੍ਰਿਤਸਰ / ਜਸਬੀਰ ਸਿੰਘ**

ਸ੍ਰ. ਪਰਮਜੀਤ ਸਿੰਘ ਸਰਨਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਦਿੱਲੀ ਕਮੇਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਨਾਏ ਗਏ ਸਮਾਗਮਾਂ ਨੂੰ ਫਲਾਪ ਸ਼ੋਅ ਗਰਦਾਨਦਿਆ ਕਿਹਾ ਕਿ ਦਿੱਲੀ ਕਮੇਟੀ ਦੇ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰਾਂ ਨੂੰ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਕੋਈ ਸੱਦਾ ਨਹੀ ਦਿੱਤਾ ਗਿਆ ਤੇ ਇਹ ਸਮਾਗਮ ਸਿਰਫ ਬਾਦਲ ਮਾਰਕਾ ਸਮਾਗਮ ਹੀ ਹੋ ਕੇ ਰਹਿ ਗਏ ਹਨ।

ਜਾਰੀ ਇੱਕ ਬਿਆਨ ਰਾਹੀ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਮਹਾਨ ਜਰਨੈਲ ਹੋਏ ਹਨ ਜਿਹਨਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਤੇ ਬਾਅਦ ਸਭ ਤੋ ਵੱਡਾ ਕਾਰਜ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿੱਤੇ ਸਨ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੰਘ ਸਮੁੱਚੀ ਸਿੱਖ ਕੌਮ ਦੇ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਹੱਕਾਂ ਦੇ ਰਾਖੇ ਸਿੱਧ ਹੋਏ ਹਨ।ਉਹਨਾਂ ਕਿਹਾ ਕਿ ਦਿੱਲੀ ਕਮੇਟੀ ਵੱਲੋ ਬਾਬਾ ਜੀ ਦੇ ਜਿੰਨੇ ਵੀ ਸਮਾਗਮ ਦਿੱਲੀ ਵਿੱਚ ਕਰਵਾਏ ਗਏ ਹਨ ਉਹਨਾਂ ਵਿੱਚ ਬਾਦਲ ਦਲ ਨੂੰ ਹੀ ਸੱਦਾ ਪੱਤਰ ਦਿੱਤੇ ਗਏ ਹਨ ਤੇ ਵਿਰੋਧੀ ਧਿਰ ਦੇ ਕਿਸੇ ਵੀ ਅਕਾਲੀ ਦਲ ਜਾਂ ਦਿੱਲੀ ਕਮੇਟੀ ਵਿੱਚ ਮੈਂਬਰ ਨੂੰ ਕੋਈ ਸੱਦਾ ਨਹੀ ਦਿੱਤਾ ਗਿਆ ਹੈ, ਇਥੋ ਤੱਕ ਜਿਹੜੇ ਸੱਦਾ ਪੱਤਰ ਦੇ ਕਾਰਡ ਵੰਡੇ ਗਏ ਹਨ ਉਹਨਾਂ ਦੀ ਵੰਡ ਵੀ ਪਾਰਦਰਸ਼ੀ ਢੰਗ ਨਾਲ ਨਾ ਕਰਦਿਆ ਵਿਰੋਧੀ ਮੈਂਬਰਾਂ ਦੇ ਹਲਕਿਆ ਵਿੱਚ ਵੀ ਕਾਰਡ ਨਹੀ ਵੰਡੇ ਗਏ। ਉਹਨਾਂ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਦੀ ਸੰਕੀਰਨ ਸੋਚ ਕਾਰਨ ਹੀ ਦਿੱਲੀ ਕਮੇਟੀ ਵੱਲੋ ਕਰਵਾਏ ਗਏ ਸਮਾਗਮਾਂ ਵਿੱਚ ਗਿਣਤੀ ਇੰਨੀ ਘੱਟ ਰਹੀ ਕਿ ਇਹ ਸਮਾਗਮ ਬਾਬਾ ਬੰਦਾ ਸਿੰਘ ਬਹਾਦਰ ਦੀ ਬਜਾਏ ਸਿਰਫ ਮਨਜੀਤ ਸਿੰਘ ਜੀ ਕੇ ਤੇ ਮਨਜਿੰਦਰ ਸਿੰਘ ਸਿਰਸਾ ਦੇ ਹੋ ਕੇ ਰਹਿ ਗਏ।ਉਹਨਾਂ ਕਿਹਾ ਕਿ ਇਹਨਾਂ ਪ੍ਰਬੰਧਕਾਂ ਦੀਆ ਭ੍ਰਿਸ਼ਟ ਨੀਤੀਆ ਕਾਰਨ ਗ੍ਰਾਫ ਇੰਨਾ ਹੇਠਾਂ ਆ ਚੁੱਕਾ ਹੈ ਕਿ ਲੋਕ ਹੁਣ ਇਹਨਾਂ 'ਤੇ ਵਿਸ਼ਵਾਸ਼ ਨਹੀਂ ਕਰਦੇ ਸਗੋਂ ਨਫਰਤ ਕਰਨ ਲੱਗ ਪਏ ਹਨ।ਉਹਨਾਂ ਕਿਹਾ ਕਿ ਇਹ ਸਮਾਗਮ ਜੇਕਰ ਬਾਦਲ ਦਲ ਦੀ ਬਜਾਏ ਖਾਲਸਾ ਪੰਥ ਦੇ ਸਮਾਗਮ ਹੁੰਦੇ ਤਾਂ ਲੋਕ ਆਪ ਮੁਹਾਰੇ ਪਹੁੰਚ ਜਾਣੇ ਸਨ ਪਰ ਜਿਸ ਕਦਰ ਪ੍ਰਬੰਧਕਾਂ ਨੂੰ ਸੰਗਤਾਂ ਦੀ ਹਾਜਰੀ ਪੱਖੋਂ ਨਿਰਾਸ਼ਾ ਹੋ ਰਹੀ ਹੈ ਉਹ ਹੀ 2017 ਦੀਆ ਚੋਣਾਂ ਦੀ ਅਗਾਊ ਤਸਵੀਰ ਪੇਸ਼ ਕਰਦੀ ਹੈ।

# ਖੇਤੀਬਾੜੀ ਯੂਨੀਵਰਸਿਟੀ ਨੇ ਤਿਆਰ ਕੀਤਾ ਜਾਮਨੀ ਰੰਗ ਦਾ ਅੰਬ





ਖੇਤੀਬਾੜੀ ਯੂਨੀਵਰਸਿਟੀ ਦੇ ਵਗਿਆਨੀਆ ਵਲੋਂ 10 ਸਾਲ ਦੀ ਸਖਤ ਮੇਹਨਤ ਪਿੱਛੋਂ ਜਾਮਨੁ ਅਤੇ ਅੰਬ ਦੀ ਪਿਓਂਦ ਤੋਂ ਤਿਆਰ ਕੀਤਾ ਜਾਮਨੀ ਰੰਗ ਦਾ ਅੰਬ, ਜੋ ਉਤਰ ਪ੍ਰਦੇਸ਼ ਦੇ ਖੇਤਾਂ ਵਿੱਚ ਪੱਕ ਕੇ ਖਾਣ ਲਈ ਤਿਆਰ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਅੰਬ ਸ਼ੂਗਰ ਦੇ ਰੋਗੀਆਂ ਲਈ ਵਰਦਾਨ ਸਾਬਿਤ ਹੋਵੇਗਾ।

*ਜਦੋਂ ਜ਼ਮੀਰਾਂ ਜਾਗਦੀਆਂ ਨੇ.....*

# ਜੇਕਰ ਜ਼ਿੰਦਗੀ 'ਚ ਦੁਬਾਰਾ ਮੌਕਾ ਮਿਲਿਆ ਤਾਂ ਮੈਂ ਫੇਰ ਵੀ ਬਾਦਲ ਪਰਿਵਾਰ ਨੂੰ ਸਿਰੋਪਾਓ ਨਹੀਂ ਦੇਵੇਗਾਂ - ਭਾਈ ਬਲਬੀਰ ਸਿੰਘ



**ਅੰਮ੍ਰਿਤਸਰ / ਡਾ. ਮਨਜੀਤ ਸਿੰਘ ਸਰਾਂ**

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰਨ ਵਾਲੇ ਅਰਦਾਸੀਏ ਭਾਈ ਬਲਬੀਰ ਸਿੰਘ ਲਗਭਗ ਵੀਹ ਦਿਨ ਬੀਤਣ ਪਿੱਛੋਂ ਵੀ ਤਬਾਦਲੇ ਵਾਲੀ ਥਾਂ ਨਹੀਂ ਗਏ ਸਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸੇਵਾ ਕਰਨਗੇ ਤਾਂ ਸਿਰਫ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ 'ਚ ਕਰਨਗੇ। ਉਧਰ ਸ਼੍ਰੋਮਣੀ ਕਮੇਟੀ ਵੀ ਕੋਈ ਅਗਲੀ ਅਨੁਸ਼ਾਸਨੀ ਕਾਰਵਾਈ ਕਰਨ ਦੇ ਮਾਮਲੇ ਵਿੱਚ ਚੁੱਪ ਹੈ। ਭਾਈ ਬਲਵੀਰ ਸਿੰਘ ਨੇ ਕਿਹਾ ਕਿ ਪਾਵਨ ਸਰੂਪਾਂ ਦੀ ਬੇਅਦਬੀ ਦੇ ਕੇਸ ਵਿੱਚ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕੀਤੇ ਜਾਣ ਤੇ ਆਏ ਬਾਦਲ ਸਾਹਿਬ ਨੂੰ ਵੇਖ ਕੇ ਉਨ੍ਹਾਂ ਦੇ ਮਨ 'ਚ ਇੰਨਾ ਗੁੱਸਾ ਭਰ ਗਿਆ ਕਿ ਉਨ੍ਹਾਂ ਨੇ ਬਾਦਲ ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ 4 ਜੂਨ ਨੂੰ ਉਸ ਦਾ ਤਬਾਦਲਾ ਮਾਛੀਵਾੜਾ ਦੇ ਗੁਰਦੁਆਰੇ ਵਿੱਚ ਕਰ ਦਿੱਤਾ ਗਿਆ ਸੀ ਪਰ ਭਾਈ ਬਲਬੀਰ ਸਿੰਘ ਨੇ ਨਵੀਂ ਥਾਂ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਭਾਈ ਬਲਵੀਰ ਸਿੰਘ ਨੇ ਕਿਹਾ ਕਿ ਉਹ ਆਪਣੀ ਨੌਕਰੀ ਦੇ ਬਚੇ ਦੋ ਸਾਲ ਦੋ ਮਹੀਨੇ ਇਹ ਸੇਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਗੁਰੂ ਘਰ ਵਿੱਚ ਸੇਵਾ ਕਰਦਿਆਂ ਮੁਕੰਮਲ ਕਰਨਾ ਚਾਹੁੰਦਾ ਹੈ। ਭਾਈ ਬਲਬੀਰ ਸਿੰਘ ਨੇ ਇਸ ਤੋਂ ਪਹਿਲਾਂ ਇਸੇ ਵਰ੍ਹੇ ਜਨਵਰੀ ਮਹੀਨੇ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਸਿਰੋਪਾਓ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਭਾਈ ਸਾਹਿਬ ਨੇ ਆਖਿਆ ਕਿ ਜੇ ਉਸ ਦੀ ਡਿਊਟੀ ਤੇ ਹੁੰਦਿਆਂ ਦੁਬਾਰਾ ਇਸ ਤਰ੍ਹਾਂ ਦਾ ਮੌਕਾ ਫੇਰ ਆਇਆ ਤਾਂ ਉਹ ਉਨ੍ਹਾਂ ਨੂੰ ਫੇਰ ਵੀ ਸਿਰੋਪਾਓ ਨਹੀਂ ਦੇਵੇਗਾ।

# ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਇੰਡਸਟਰੀ 'ਚ ਦਲਜੀਤ ਦੁਸਾਂਝ ਦਾ ਕੋਈ ਹੋਰ ਸਾਹਨੀ ਨਹੀਂ ਹੈ ਪਰ ਦਲਜੀਤ ਨੂੰ ਅੱਗੇ ਜਾਣ ਲਈ ਹਰ ਕਦਮ ਤੇ ਵਿਚਾਰ ਕਰਨੀ ਪਏਗੀ

**ਚੰਡੀਗੜ੍ਹ / ਡਾ. ਮਨਜੀਤ ਸਿੰਘ ਸਰਾਂ**



ਬੁਹਤ ਹੀ ਸਮਝਦਾਰੀ ਤੇ ਮਿਹਨਤ ਨਾਲ ਪੰਜਾਬੀ ਫ਼ਿਲਮ ਇੰਡਸਟਰੀ ਨੂੰ ਭਾਗ ਲਗੇ ਹਨ ਪਰ ਹੁਣ ਹਰ ਉਠਦੇ ਬੇ-ਸੁਰੇ, ਬੇ-ਸਮਝ, ਕੱਚੇ-ਪਿਲੇ ਤੇ ਕੁਝ ਬੇ-ਗੈਰਤ ਜਿਹੇ ਗਾਇਕਾਂ ਨੇ ਫਿਰ ਫ਼ਿਲਮ ਇੰਡਸਟਰੀ 'ਚ ਗੰਦ ਪਾ ਦਿੱਤਾ ਹੈ ਜਿਸ ਨਾਲ ਹੋ ਸਕਦਾ ਦੁਬਾਰਾ ਲੋਕਾਂ ਦੇ ਮਨਾਂ 'ਚੋਂ ਪੰਜਾਬੀ ਫ਼ਿਲਮ ਦਾ ਸ਼ੌਕ ਖਤਮ ਹੋ ਜਾਵੇ। ਅੱਗੇ ਪੰਦਰਾਂ ਤੋਂ ਵੀਹ ਲੱਖ ਖਰਚ ਕੇ ਇਕ ਐਲਬਮ ਕੱਢਦੇ ਸੀ ਅਤੇ ਹੁਣ ਉਹ ਸੋਚਦੇ ਹਨ ਕਿ ਮਹਿੰਗੀ ਹੋਈ ਜ਼ਮੀਨ ਦਾ ਇਕ ਕਿੱਲਾ ਵੇਚੋ ਤੇ ਸੱਤਰ-ਅੱਸੀ ਲੱਖ ਕਿਸੇ ਫ਼ਿਲਮ ਕੰਪਣੀ 'ਚ ਪਾਓ ਤੇ ਆਡੀਓ-ਵੀਡਿਓ ਦੋਹਾਂ ਦਾ ਸ਼ੌਕ ਪੂਰਾ ਕਰੋ ਅਤੇ ਇਹੀ ਲੋਕ ਫ਼ਿਲਮ ਇੰਡਸਟਰੀ ਦਾ ਬੇੜਾ ਗਰਕ ਕਰੋ। ਇਸ ਮਸਲੇ 'ਚ ਦਲਜੀਤ ਦੁਸਾਂਝ ਬੁਹਤ ਲੱਕੀ ਤੇ ਮਿਹਨਤੀ ਹੈ ਤੇ ਇਕੱਲਾ ਦਲਜੀਤ ਹੀ ਹੈ ਜੋ ਇਕੱਲਾ ਫ਼ਿਲਮ ਨੂੰ ਆਪਣੇ ਮੋਢਿਆਂ ਤੇ ਚੁੱਕਣ ਦੀ ਸਮਰੱਥਾ ਰੱਖਦਾ ਹੈ। ਸ਼ਾਇਦ ਇਸ ਗੱਲ ਤੇ ਉਸ ਨੂੰ ਓਵਰ ਕਨਫੀਡੈਂਸ ਹੋ ਗਿਆ ਹੈ ਤੇ ਫ਼ਿਲਮਾਂ ਦੀ ਚੋਣ 'ਚ ਗ਼ਲਤੀ ਕਰ ਰਿਹਾ ਹੈ। ਬੇਸ਼ੱਕ ਉਸਦੀ ਆਪਣੀ ਨਿੱਜੀ ਜ਼ਿੰਦਗੀ ਦਾ ਸਵਾਲ ਹੈ ਤੇ ਸਾਡਾ ਕੋਈ ਹੱਕ ਨਹੀਂ ਦਖ਼ਲ ਦੇਣ ਦਾ ਪਰ ਇਕ ਨਿਰਮਾਤਾ-ਨਿਰਦੇਸ਼ਕ ਤੇ ਵੱਡਾ ਭਰਾ ਹੋਣ ਦੇ ਨਾਤੇ ਇਕ ਸਲਾਹ ਹੈ ਕਿ ਅੱਜ ਉਹ ਜਿਸ ਮੁਕਾਮ ਤੇ ਹੈ, ਉਸਨੂੰ ਸਾਂਭ ਕੇ ਰੱਖਣਾ ਬੁਹਤ ਜ਼ਰੂਰੀ ਹੈ। ਬਸ ਫ਼ਿਲਮਾਂ ਪ੍ਰਤੀ ਚੂਜ਼ੀ ਹੋ ਜਾਵੇ, ਸੋਚ ਸਮਝ ਕੇ ਘਟ ਪਰ ਵਧੀਆ ਫ਼ਿਲਮ ਕਰੇ ਤੇ ਅਸੀਂ ਦਲਜੀਤ ਦੀ ਕਾਮਯਾਬੀ ਲਈ ਵਾਹਿਗੁਰੂ ਅੱਗੇ ਦੁਆਵਾਂ ਕਰਦੇ ਹਾਂ।

# ਮੈਂ ਅਰਵਿੰਦ ਕੇਜਰੀਵਾਲ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ 'ਚ ਸ਼ਮੂਲੀਅਤ ਕੀਤੀ ਸੀ-ਜੱਸੀ ਜਸਰਾਜ

**ਚੰਡੀਗੜ੍ਹ / ਡਾ. ਮਨਜੀਤ ਸਿੰਘ ਸਰਾਂ**



ਆਮ ਆਦਮੀ ਪਾਰਟੀ 'ਚੋਂ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਦੇ ਦੋਸ਼ ਤਹਿਤ ਫਿਲਮ ਸਟਾਰ ਤੇ ਪੰਜਾਬੀ ਗਾਇਕ ਜੱਸੀ ਜਸਰਾਜ ਨੂੰ 6 ਸਾਲ ਲਈ ਬਾਹਰ ਕੱਢਿਆ ਗਿਆ ਸੀ ਪਰ ਜੱਸੀ ਅੱਜ ਵੀ ਖੁਦ ਨੂੰ 'ਆਪ' ਦਾ ਇਕ ਵਧੀਆ ਵਰਕਰ ਹੀ ਸਮਝਦੇ ਹਨ। ਜੱਸੀ ਨੇ ਕਿਹਾ ਕਿ "ਓਹ ਅਰਵਿੰਦ ਕੇਜਰੀਵਾਲ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ 'ਚ ਸ਼ਾਮਿਲ ਹੋਇਆ ਸੀ। ਹੁਣ ਜੇਕਰ ਪਾਰਟੀ ਤੋਂ ਵਖ ਵੀ ਹੋਣਗੇ ਤਾਂ ਵੀ ਜਨਾਬ ਕੇਜਰੀਵਾਲ ਨਾਲ ਗੱਲ ਕਰਕੇ ਹੀ ਹੋਣਗੇ।" ਉਨ੍ਹਾਂ ਕਿਹਾ ਕਿ ਮੈਨੂੰ ਇਹ ਲਗਦਾ ਹੈ ਕਿ ਬਾਕੀ ਸਾਰੀਆਂ ਪਾਰਟੀਆਂ ਗਰਕ ਚੁੱਕੀਆਂ ਹਨ ਅਤੇ ਸਿਰਫ ਇਕੋ ਇਕੋ ਕੇਜਰੀਵਾਲ ਸਾਹਿਬ ਹਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਕੁਝ ਆਸਾਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣਾ ਆਦਰਸ਼ ਬਣਾਇਆ ਸੀ ਅਤੇ ਹਮੇਸ਼ਾਂ ਉਨ੍ਹਾਂ ਦਾ ਮਾਣ ਕਰਾਂਗਾ। ਜੱਸੀ ਨੇ ਕਿਹਾ ਮੈ ਪਾਰਟੀ 'ਚ ਰਹਾਂ ਨਾਂ ਰਹਾਂ ਪਰ ਪਰ 'ਆਪ' ਮੇਰੀ ਪਹਿਲੀ ਪਸੰਦ ਰਹੇਗੀ।

